# ਸੂਫ਼ੀ ਕਵੀ ਸ਼ਾਹ ਹੁਸੈਨ

**ਪ੍ਰਸ਼ਨ – ਸ਼ਾਹ ਹੁਸੈਨ ਦਾ ਜਨਮ ਕਦੋਂ ਹੋਇਆ ?**

**ਉੱਤਰ – 1539 ਈਸਵੀ ਵਿਚ ।**

**ਪ੍ਰਸ਼ਨ – ਸ਼ਾਹ ਹੁਸੈਨ ਨੇ ਕਿੰਨੀਆਂ ਕਾਫ਼ੀਆਂ ਦੀ ਰਚਨਾ ਕੀਤੀ ?**

**ਉੱਤਰ – 162.**

**ਪ੍ਰਸ਼ਨ – ਸ਼ਾਹ ਹੁਸੈਨ ਕਿਸ ਗੁਰੂ ਦੇ ਸਮਕਾਲੀ ਸੀ ?**

**ਉੱਤਰ – ਗੁਰੂ ਅਰਜਨ ਦੇਵ ਜੀ ।**

**ਪ੍ਰਸ਼ਨ – ਸ਼ਾਹ ਹੁਸੈਨ ਨੇ ਕਿੰਨੇ ਸਾਲ ਦੀ ਉਮਰ ਵਿਚ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਕਰ ਲਿਆ ਸੀ ?**

**ਉੱਤਰ – ਸੱਤ ਸਾਲ ਦੀ ਉਮਰ ਵਿਚ ।**

**ਪ੍ਰਸ਼ਨ – ਸ਼ਾਹ ਹੁਸੈਨ ਮਨੁੱਖ ਦੀ ਦੇਹੀ ਨੂੰ ਕਿਸਦੇ ਨਾਲ ਤੁਲਨਾ ਦਿੰਦਾ ਹੈ ?**

**ਉੱਤਰ – ਢਲਦੇ ਪਰਛਾਵੇਂ ਨਾਲ ।**

**ਪ੍ਰਸ਼ਨ – ਇਥੇ ਰਹਿਣਾ ਨਾਹੀਂ ਕਾਫ਼ੀ ਕਿਸਨੂੰ ਸੰਬੋਧਿਤ ਹੈ ?**

**ਉੱਤਰ – ਮਨੁੱਖ ਨੂੰ ।**

ਪ੍ਰਸ਼ਨ – ਸ਼ਾਹ ਹੁਸੈਨ ਮਨੁੱਖ ਨੂੰ ਕਿਸ ਦੇ ਭੈ ਤੋਂ ਡਰਨ ਲਈ ਕਹਿੰਦਾ ਹੈ ?

ਉੱਤਰ – ਰੱਬ ਦੇ ।

ਪ੍ਰਸ਼ਨ – ਸ਼ਾਹ ਹੁਸੈਨ ਅਨੁਸਾਰ ਮਨੁੱਖ ਨੂੰ ਅਡੰਬਰ ਤਿਆਗ ਕੇ ਕੀ ਧਾਰਨ ਕਰਨਾ ਚਾਹੀਦਾ ਹੈ ?

ਉੱਤਰ – ਨਿਮਰਤਾ ।

ਪ੍ਰਸ਼ਨ – ਕਵੀ ਕੈ ਬਾਗ ਦੀ ਮੂਲੀ ਕਹਿ ਕੇ ਆਪਣੀ ਹਸਤੀ ਨੂੰ ਕੀ ਸਮਝਦਾ ਹੈ ?

ਉੱਤਰ – ਤੁੱਛ

ਪ੍ਰਸ਼ਨ – ਸ਼ਾਹ ਹੁਸੈਨ ਕਿਸ ਦੇ ਦਰ ਉੱਤੇ ਢੱਠਾ ਹੈ ?

ਉੱਤਰ – ਰੱਬ ਦੇ ।

ਪ੍ਰਸ਼ਨ – ਕਵੀ ਕਿਸ ਨੂੰ ਅਉਗੁਣਹਾਰੀ ਕਹਿੰਦਾ ਹੈ ?

ਉੱਤਰ – ਆਪਣੇ ਆਪ ਨੂੰ ।

ਪ੍ਰਸ਼ਨ – ਸ਼ਾਹ ਹੁਸੈਨ ਰੱਬ ਤੋਂ ਕੀ ਮੰਗਦਾ ਹੈ ?

ਉੱਤਰ – ਮਿਹਰ ।

ਪ੍ਰਸ਼ਨ – ਸ਼ਾਹ ਹੁਸੈਨ ਅਨੁਸਾਰ ਮਨੁੱਖ ਦੀ ਨਾਦਾਨੀ ਕਿਸ ਦੀ ਸਿੱਖਿਆ ਨਾਲ ਖ਼ਤਮ ਹੁੰਦੀ ਹੈ ?

ਉੱਤਰ – ਮੁਰਸ਼ਦ ।

ਪ੍ਰਸ਼ਨ – ਮੁਸ਼ਕਲ ਘਾਟ ਫ਼ਕੀਰੀ ਦਾ ਕਾਫ਼ੀ ਵਿਚ ਕਵੀ ਮਨੁੱਖ ਨੂੰ ਕਿਹੜੀ ਚੀਜ਼ ਦਾ ਤਿਆਗ ਕਰਨ ਲਈ ਕਹਿੰਦਾ ਹੈ ?

ਉੱਤਰ – ਹੰਕਾਰ ਦਾ ।

ਪ੍ਰਸ਼ਨ – ਸ਼ਾਹ ਹੁਸੈਨ ਅਨੁਸਾਰ ਕੀ ਹੋ ਕੇ ਰਹਿੰਦਾ ਹੈ ?

ਉੱਤਰ – ਹੋਣੀ ।

ਪ੍ਰਸ਼ਨ – ਮੁਸ਼ਕਲ ਘਾਟ ਫ਼ਕੀਰੀ ਦਾ ਵਿਚ ਘਾਟ ਸ਼ਬਦ ਦਾ ਕੀ ਅਰਥ ਹੈ ?

ਉੱਤਰ – ਮਾਰਗ ।

ਪ੍ਰਸ਼ਨ - ਸ਼ਾਹ ਹੁਸੈਨ ਅਨੁਸਾਰ ਕਿਨ੍ਹਾਂ ਦੀ ਰੱਬਾ - ਰੱਬਾ ਹੋਈ ?

ਉੱਤਰ – ਨਿਮਾਣਿਆਂ ਦੀ ।

ਪ੍ਰਸ਼ਨ – ਸ਼ਾਹ ਹੁਸੈਨ ਚਿੱਟੀ ਚਾਦਰ ਕਿਸ ਨੂੰ ਕਹਿੰਦਾ ਹੈ ?

ਉੱਤਰ – ਪਦਾਰਥਾਂ ਦੇ ਮਾਣ-ਹੰਕਾਰ ਨੂੰ ।

ਪ੍ਰਸ਼ਨ – ਸ਼ਾਹ ਹੁਸੈਨ ਅਨੁਸਾਰ ਰੱਬ ਦੀ ਦਰਗਾਹ ਵਿਚ ਕਿਹੜੀ ਇਸਤਰੀ ਸੁਹਾਗਣ ਮੰਨੀ ਜਾਂਦੀ ਹੈ ?

ਉੱਤਰ – ਖੁੱਲ੍ਹ ਕੇ ਪਿਆਰ ਕਰਨ ਵਾਲੀ ।

ਪ੍ਰਸ਼ਨ – ਸ਼ਾਹ ਹੁਸੈਨ ਜੀਵਨ ਦੀ ਮੈਲੀ ਟੋਪੀ ਨੂੰ ਕਿਹੜਾ ਸਾਬਣ ਲਾ ਕੇ ਧੋਣ ਲਈ ਕਹਿੰਦਾ ਹੈ ?

ਉੱਤਰ – ਗੁਰੂ ਦੀ ਸਿੱਖਿਆ ਦਾ ।

ਪ੍ਰਸ਼ਨ – ਸ਼ਾਹ ਹੁਸੈਨ ਮਿਣੀ ਢੱਗੀ ਕਿਸ ਨੂੰ ਕਹਿੰਦਾ ਹੈ ?

ਉੱਤਰ – ਪਰਮਾਤਮਾ ਦੇ ਨਾਮ ਨੂੰ ।

ਪ੍ਰਸ਼ਨ – ਨਿਮਾਣਿਆਂ ਦੀ ਰੱਬਾ ਰੱਬਾ ਹੋਈ ਕਾਫ਼ੀ ਵਿਚ ਰੱਬਾ ਰੱਬਾ ਹੋਈ ਤੋਂ ਕੀ ਭਾਵ ਹੈ ?

ਉੱਤਰ – ਜੈ-ਜੈ ਕਾਰ ।

ਪ੍ਰਸ਼ਨ – ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੇ ਨਾਂ ਦੱਸੋ ?

ਉੱਤਰ – ਇਥੇ ਰਹਿਣਾ ਨਾਹੀਂ / ਕੈ ਬਾਗ ਕੀ ਮੂਲੀ / ਰੱਬਾ ਮੇਰੇ ਅਉਗੁਣ ਚਿੱਤ ਨਾ ਧਰੀ / ਮੁਸ਼ਕਲ ਘਾਟ ਫ਼ਕੀਰੀ ਦਾ / ਨਿਮਾਣਿਆਂ ਦੀ ਰੱਬਾ ਰੱਬਾ ਹੋਈ / ਪਾਵੇਂਗਾ ਦੀਦਾਰ ਸਾਹਿਬ ਦਾ

ਪ੍ਰਸ਼ਨ – ਰੱਬਾ ਮੇਰੇ ਅਉਗੁਣ ਚਿੱਤ ਨਾ ਧਰੀ ਕਾਫ਼ੀ ਵਿਚ ਕਿਸ ਵੱਲੋਂ ਪਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ ?

ਉੱਤਰ – ਜੀਵ–ਆਤਮਾ ਵੱਲੋਂ ।

ਪ੍ਰਸ਼ਨ – ਸੂਲੀ ਕਿਸ ਨੇ ਕਬੂਲ ਕੀਤੀ ਸੀ ?

ਉੱਤਰ – ਮਨਸੂਰ ਨੇ ।

ਪ੍ਰਸ਼ਨ – ਸ਼ਾਹ ਹੁਸੈਨ ਦਾ ਦੇਹਾਂਤ ਕਦੋਂ ਹੋਇਆ ?

ਉੱਤਰ – 1593 ਈਸਵੀ ਵਿਚ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★